website/Noticeboard

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ ,ਐਸ.ਏ.ਐਸ.ਨਗਰ

(ਵਜੀਫਾ ਸਾਖਾ)

ਸੇਵਾ ਵਿਖੇ,

ਸਮੂਹ ਮੰਡਲ ਸਿੱਖਿਆ ਅਫਸਰ (ਸੈ:ਸਿ)
ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ)
ਸਮੂਹ ਸਕੂਲ ਮੁੱਖੀ

ਮੀਮੋ ਨੰ: 8/1-2016 ਵਜੀਫਾ(6)
ਮਿਤੀ 21-1-16

ਵਿਸਾ- ਸਮੂਹ ਵਿਦਿਆਰਥੀਆ ਦੇ ਆਧਾਰ ਕਾਰਡ ਦੀ ਬੈਕ ਖਾਤਿਆ ਨਾਲ ਸੀਡਿੰਗ ਕਰਵਾਉਣ ਸਬੰਧੀ।

ਹਵਾਲਾ - ਇਸ ਦਫਤਰ ਦੇ ਪੱਤਰ ਨੰ: 8/1-2016 ਵਜੀਫਾ(6) ਮਿਤੀ 08-1-16 ਸਬੰਧੀ।

ਉਪਰੋਕਤ ਵਿਸੇ ਸਬੰਧੀ ਆਪ ਦੇ ਅਧੀਨ ਆਉਦੇ ਸਾਰੇ ਸਕੂਲ ਮੁੱਖੀਆ ਨੂੰ ਹਦਾਇਤ ਕੀਤੀ ਜਾਵੇ ਕਿ ਸਾਰੇ ਵਿਦਿਆਰਥੀ ਜੋ ਕਿਸੇ ਵੀ ਸਕਾਲਰਸਿਪ ਸਕੀਮ ਅਧੀਨ ਕਵਰ ਹੁੰਦੇ ਹਨ, ਦੇ ਬੈਕ ਖਾਤੇ ਨੂੰ ਸਕੱਤਰ ਸਕੂਲ ਸਿੱਖਿਆ ਜੀ ਵੱਲੋਂ 31 ਜਨਵਰੀ ਤੱਕ ਦਾ ਸਮਾਂ ਦਿੱਤਾ ਗਿਆ ਹੈ। ਇਸ ਲਈ Morning assembly ਵਿੱਚ ਅਤੇ ਕਲਾਸ ਇੰਚਾਰਜ ਕਲਾਸ ਵਿੱਚ ਵਿਦਿਆਰਥੀਆਂ ਨੂੰ ਹਦਾਇਤ ਕਰਨ ਅਤੇ ਇਸ ਕੰਮ ਨੂੰ 100% ਮੁਕੰਮਲ ਕਰਵਾਉਣਾ ਯਕੀਨੀ ਬਣਾਉਣ।

ਨੋਟ:- ਸੀਡਿੰਗ ਲਈ ਆਧਾਰ ਕਾਰਡ ਦੀ ਕਾਪੀ ਜਿਸ ਬੈਕ ਵਿੱਚ ਖਾਤਾ ਹੈ, ਬੈਕ ਦੇ ਕਰਮਚਾਰੀ/ਅਧਿਕਾਰੀ ਨੂੰ ਦੇ ਕੇ ਖਾਤੇ ਨਾਲ ਲਿੰਕ ਕਰਨ ਲਈ ਕਿਹਾ ਜਾਵੇ।

21/1/16
ਵਿਸੇਸ ਕਾਰਜ ਅਫਸਰ (ਵਜੀਫਾ)

Website / Noticeboard

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),ਪੰਜਾਬ, ਐਸ.ਏ.ਐਸ.ਨਗਰ।
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜਿਲ, ਫੇਜ-8, ਮੋਹਾਲੀ।
(ਵਜੀਫਾ ਸਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:)

ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ।

ਮੀਮੋ ਨੰ: 8/1-2016 ਵਜੀਫਾ(6)

ਮਿਤੀ ਐਸ.ਏ.ਐਸ ਨਗਰ: 08-01-2016

ਵਿਸਾ:- ਸਮੂਹ ਵਿਦਿਆਰਥੀਆਂ ਦੇ ਆਧਾਰ ਕਾਰਡ ਦੀ ਬੈਂਕ ਖਾਤਿਆਂ ਨਾਲ ਸੀਡਿੰਗ ਕਰਵਾਉਣ ਸਬੰਧੀ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਜਿਲ੍ਹੇ ਦੇ ਸਮੂਹ ਸਰਕਾਰੀ/ਪ੍ਰਾਈਵੇਟ/ਏਡਿਡ/ਮਾਨਤਾ ਪ੍ਰਾਪਤ ਸੀਨੀਅਰ ਸੈਕੰਡਰੀ/ਹਾਈ/ਮਿਡਲ ਸਕੂਲਾਂ ਦੇ ਮੁੱਖੀਆਂ ਨੂੰ ਲਿਖਿਆ ਗਿਆ ਸੀ ਕਿ ਸਾਰੀਆਂ ਵਜੀਫਾ ਸਕੀਮਾਂ (ਪ੍ਰੀ-ਮੈਟ੍ਰਿਕ ਅਤੇ ਪੋਸਟ-ਮੈਟ੍ਰਿਕ ਸਕਾਲਰਸਿਪ ਸਕੀਮਾਂ) ਦੇ ਵਿਦਿਆਰਥੀਆਂ ਦੇ ਆਧਾਰ ਨੰਬਰ ਦੀ ਸੀਡਿੰਗ ਉਨ੍ਹਾਂ ਦੇ ਬੈਂਕ ਖਾਤੇ ਨਾਲ ਹੋਣੀ ਬਹੁਤ ਜਰੂਰੀ ਹੈ। ਇਸ ਕੰਮ ਨੂੰ ਪਹਿਲ ਦੇ ਆਧਾਰ ਤੇ ਕਰਨਾ ਸੁਨਿਸਚਿਤ ਕੀਤਾ ਜਾਵੇ, ਪ੍ਰੰਤੂ ਲੀਡ ਬੈਂਕ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਅਜੇ ਤੱਕ ਬਹੁਤ ਘੱਟ ਵਿਦਿਆਰਥੀਆਂ ਦੇ ਆਧਾਰ ਕਾਰਡ ਦੀ ਉਨ੍ਹਾਂ ਦੇ ਬੈਂਕ ਖਾਤੇ ਨਾਲ ਸੀਡਿੰਗ ਹੋਈ ਹੈ।

ਸਮੂਹ ਸਕੂਲ ਮੁੱਖੀਆਂ ਵੱਲੋਂ ਆਪਣੇ ਸਕੂਲਾਂ ਦੇ ਸਾਰੇ ਵਿਦਿਆਰਥੀਆਂ ਦੇ ਆਧਾਰ ਕਾਰਡ ਵੀ ਉਨ੍ਹਾਂ ਦੇ ਬੈਂਕ ਖਾਤੇ ਨਾਲ ਸੀਡਿੰਗ ਦਾ ਕੰਮ 100% ਕਰਨਾ ਯਕੀਨੀ ਬਣਾਇਆ ਜਾਵੇ ਅਤੇ ਮਹੀਨੇਵਾਰ ਹੋਣ ਵਾਲੀ ਸਕੂਲ ਮੁੱਖੀਆਂ ਦੀ ਮੀਟਿੰਗ ਵਿੱਚ ਸੁਨਿਸਚਿਤ ਕੀਤਾ ਜਾਵੇ ਅਤੇ ਉਨ੍ਹਾਂ ਵੱਲੋਂ ਸਰਟੀਫਿਕੇਟ ਲਿਆ ਜਾਵੇ ਕਿ ਉਨ੍ਹਾਂ ਦੇ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਆਧਾਰ ਕਾਰਡ ਦੀ ਬੈਂਕ ਖਾਤਿਆਂ ਨਾਲ ਸੀਡਿੰਗ ਦਾ ਕੰਮ 100% ਹੋ ਗਿਆ ਹੈ, ਅਤੇ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਆਪਣੇ ਪੱਧਰ ਤੇ ਸਰਟੀਫਿਕੇਟ ਦੇਣ ਕਿ ਉਨ੍ਹਾਂ ਅਧੀਨ ਆਉਂਦੇ ਸਾਰੇ ਸਕੂਲਾਂ ਦਾ ਬੈਂਕ ਖਾਤਿਆਂ ਨਾਲ ਆਧਾਰ ਸੀਡਿੰਗ ਦਾ ਕੰਮ 100% ਹੋ ਗਿਆ ਹੈ। ਤਾਂ ਜੋ ਇਹ ਸੂਚਨਾ ਉੱਚ ਪੱਧਰੀ ਅਧਿਕਾਰੀਆਂ ਨੂੰ ਸਮੇਂ ਸਿਰ ਭੇਜੀ ਜਾ ਸਕੇ। ਆਧਾਰ ਕਾਰਡ ਦੀ ਬੈਂਕ ਖਾਤਿਆਂ ਨਾਲ ਸੀਡਿੰਗ ਦੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀਆਂ ਦੀ ਹੋਵੇਗੀ।

8/1/16
ਵਿਸੇਸ ਕਾਰਜ ਅਫਸਰ(ਵਜੀਫਾ)

ਪਿੱਠ ਅੰਕਣ ਨੰ: ਉਕਤ ਮਿਤੀ: ਉਕਤ

ਉਕਤ ਦਾ ਉਤਾਰਾ ਸਮੂਹ ਮੰਡਲ ਸਿੱਖਿਆ ਅਫਸਰ(ਸੈ:ਸਿ:)(ਨਾਭਾ, ਜਲੰਧਰ, ਫਰੀਦਕੋਟ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

8/1/16
ਵਿਸੇਸ ਕਾਰਜ ਅਫਸਰ(ਵਜੀਫਾ)